# A NARRATIVE STUDY OF THE STORY 'TAKHI' BY JATINDER SINGH HANS

# ਜਤਿੰਦਰ ਸਿੰਘ ਹਾਂਸ ਦੀ ਕਹਾਣੀ 'ਤੱਖੀ' ਦਾ ਬਿਰਤਾਂਤ ਸ਼ਾਸਤਰੀ ਅਧਿਐਨ

**ਗੁਰਬਿੰਦਰ ਸਿੰਘ (Gurbinder Singh)**

**ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ**

**ਮਹਾਰਾਜਾ ਰਣਜੀਤ ਸਿੰਘ ਕਾਲਜ, ਮਲੋਟ ( ਪੰਜਾਬ)**

**Email ID: gurbinder242@gmail.com ਮੋਬਾਈਲ: +91- 75089-39175**

**ABSTRACT**

*ਜਤਿੰਦਰ ਸਿੰਘ ਹਾਂਸ ਨੇ ਆਪਣੀਆਂ ਕਹਾਣੀਆਂ ਰਾਹੀਂ ਸਮਾਜ ਦੇ ਨਿੱਕੇ-ਨਿੱਕੇ ਪਾਤਰਾਂ ਦੇ ਮੂੰਹੋਂ ਬੁਲਾਈਆਂ ਛੋਟੀਆਂ- ਛੋਟੀਆਂ ਤੇ ਆਮ ਜਿਹੀਆਂ ਗੱਲਾਂ ਨਾਲ ਵੱਡੇ ਵੱਡੇ ਉਸਾਰ ਤੇ ਅਰਥ ਪੈਦਾ ਕਰ ਦਿੱਤੇ ਸਨ। ਸਾਡੇ ਸਮਾਜ ਵਿੱਚ ਦੱਬੇ ਕੁੱਚਲੇ ਲੋਕਾਂ ਦੀਆਂ ਦੱਬੀਆਂ ਕੁਚਲੀਆਂ ਰੀਝਾਂ ਨੂੰ ਮਿਥਿਹਾਸ ਦੇ ਹਵਾਲੇ ਨਾਲ ਪੇਸ਼ ਕਰਨਾ, ਵਿਸ਼ਵੀਕਰਨ ਦੇ ਦੌਰ ਵਿੱਚ ਹੱਥੋਂ ਖੁੱਸ ਰਹੇ ਪਿੱਤਰੀ ਕਿੱਤੇ, ਸਵਾਰਥ, ਕਪਟ ਦੀ ਚਾਦਰ ਵਿਚ ਸਿਮਟਦੇ ਰਿਸ਼ਤੇ, ਬੰਦੇ ਦੀ ਹੋਣੀ ਬੰਦਾ ਹੋਣ ਦੀ ਕੀਮਤ ਤੋਂ ਮਨਫੀ ਹੋਈ ਆਦਿ ਨੂੰ ਆਪਣੇ ਗਲਪੀ ਹੁਨਰ ਰਾਹੀਂ ਪੇਸ਼ ਕਰਦਾ ਹੈ। ਲੋਕ ਕਹਾਣੀਆਂ ਵਿਚਲੀਆਂ ਲੋਕ ਰੂੜੀਆਂ, ਮਿੱਥਾਂ, ਇਤਿਹਾਸਕ ਵੇਰਵਿਆਂ ਅਤੇ ਸਧਾਰਨ ਲੋਕਾਂ ਦੇ ਜੀਵਨ ਦੀਆਂ ਤੰਗੀਆਂ ਤੁਰਸ਼ੀਆਂ, ਲੋੜਾਂ -ਥੁੜਾਂ, ਬਦਲ ਰਹੀ ਸੱਭਿਆਚਾਰਕ ਤਰਤੀਬ, ਆਧੁਨਿਕਤਾ ਤੋਂ ਪਾਰ ਉਤਰ ਆਧੁਨਿਕਤਾ ਅਤੇ ਪੂੰਜੀ ਦੇ ਪਸਾਰ ਕਾਰਨ ਖੁੱਸ ਰਹੇ ਪਿਤਾ ਪੁਰਖੀ ਕਿੱਤਿਆਂ, ਪੰਜਾਬੀ ਸੱਭਿਆਚਾਰ ਦੀਆਂ ਧੁਰ ਜੜ੍ਹਾਂ ਤੱਕ ਰਚੇ ਜਾਤੀ ਪਾੜੇ ਨੂੰ ਆਪਣੀ ਕਹਾਣੀ ਦਾ ਰਚਨਾ ਪਰਿਵੇਸ਼ ਬਣਾਉਂਦਾ ਹੈ। ਹਾਂਸ ਮਿਥਹਾਸਿਕ ਪਾਤਰ ਤੱਖਛਿਕ ਨਾਗ ਦਾ ਬਹੁਪਰਤੀ, ਬਹੁਪਸਾਰੀ ਅਤੇ ਬਹੁਅਰਥੀ ਗਲਪ ਸੰਚਾਰ ਕਰ ਰਿਹਾ ਹੈ। ਜਿੱਥੇ ਭਾਰਤੀ ਮਿਥਿਹਾਸ ਵਿੱਚ ਤੱਖਛਿਕ ਨਾਗ ਨੂੰ ਮਨੁੱਖਤਾ ਦਾ ਵੈਰੀ ਸਮਝਿਆ ਜਾਂਦਾ ਹੈ, ਉੱਥੇ ਹੀ ਇਹ ਮਿਥਿਹਾਸਕ ਪਾਤਰ ਆਪਣੇ ਨਾਗ ਲੋਕ ਦੀ ਰਾਖੀ ਅਤੇ ਵਿਕਾਸ ਲਈ ਤੱਤਕਾਲੀਨ ਸਮਾਜ ਦੇ ਸਾਹਮਣੇ ਖੜ੍ਹਦਾ ਹੈ। ਜਤਿੰਦਰ ਹਾਂਸ 'ਤੱਖੀ' ਕਹਾਣੀ ਵਿੱਚ ਤੱਖਛਿਕ ਨਾਗ ਨੂੰ ਉਪਰੋਕਤ ਦੋਨਾਂ ਪੱਧਰਾ ਤੇ ਵਿਚਰਦਾ ਪੇਸ਼ ਕਰਦਾ ਹੈ। 'ਤੱਖੀ' ਕਹਾਣੀ ਵਿੱਚ ਬਿਰਤਾਂਤਕਾਰ ਫੋਕਸੀਕਰਨ ਦੀ ਵਿਉਂਤ ਲਈ ਮੁੱਖ ਪਾਤਰ ਕਾਲੂ ਰਾਹੀਂ ਆਂਤਰਿਕ ਫੋਕਸੀਕਰਨ ਵਿਧੀ ਨੂੰ ਅਪਣਾਉਂਦਾ ਹੈ। ਬਿਰਤਾਂਤਕਾਰ ਕਥਾ ਸੰਚਾਰ ਲਈ ਪਿੱਛਲਝਾਤ ਵਿਧੀ, ਯਾਦਾਂ ਅਤੇ ਸਾਧਾਰਨ ਵਰਨਣ ਬਿਰਤਾਂਤ ਜੁਗਤ ਦੀ ਵਰਤੋਂ ਕਰਦਾ ਹੈ।*

***ਕੀਵਰਡ :*** *ਬਿਰਤਾਂਤਕਾਰ ਦਾ ਨਜ਼ਰੀਆ, ਬਿਰਤਾਂਤਕਾਰ ਦਾ ਫੋਕਸੀਕਰਨ ਤੇ ਤਕਨੀਕਾਂ, ਘਟਨਾਵੀ-ਵਿਉਂਤ ਅਤੇ ਮਿਆਦ, ਪਾਤਰ ਉਸਾਰੀ, ਸੰਕੇਤਕ ਪ੍ਰਬੰਧ, ਬਿਰਤਾਂਤਕ ਖੰਡ, ਗਲਪ ਚੇਤਨਾ।*

**ਜਾਣ ਪਛਾਣ**

ਜਤਿੰਦਰ ਸਿੰਘ ਹਾਂਸ ਪਿਛਲੇ ਕਈ ਵਰ੍ਹਿਆਂ ਤੋਂ ਗਲਪ ਰਚਨਾ ਕਰ ਰਿਹਾ ਹੈ। ਇਹ ਕਿਸੇ ਸਾਹਿਤਕ ਵਿਚਾਰਧਾਰਾ ਵਿੱਚ ਬੱਝਿਆ ਹੋਇਆ ਨਹੀ ਹੈ। ਹਾਂਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਪਾਵੇ ਨਾਲ ਬੰਨ੍ਹਿਆ ਕਾਲ' ਜਦ ਛਪਿਆ ਤਾਂ ਬੜੀ ਤਾਰੀਫ ਹੋਈ। ਫੇਰ ਦੂਜੇ ਕਹਾਣੀ ਸੰਗ੍ਰਹਿ 'ਈਸ਼ਵਰ ਦਾ ਜਨਮ ਨੇ ਜਤਿੰਦਰ ਨੂੰ ਸਮਕਾਲੀ ਕਹਾਣੀਕਾਰਾਂ ਵਿੱਚ ਸਭ ਤੋਂ ਅੱਗੇ ਖੜ੍ਹਾ ਕਰ ਦਿੱਤਾ।

> *"ਹਾਂਸ ਨੇ ਆਪਣੀਆਂ ਕਹਾਣੀਆਂ ਰਾਹੀਂ ਸਮਾਜ ਦੇ ਨਿੱਕੇ-ਨਿੱਕੇ ਪਾਤਰਾਂ ਦੇ ਮੂੰਹੋਂ ਬੁਲਾਈਆਂ ਛੋਟੀਆਂ- ਛੋਟੀਆਂ ਤੇ ਆਮ ਜਿਹੀਆਂ ਗੱਲਾਂ ਨਾਲ ਵੱਡੇ ਵੱਡੇ ਉਸਾਰ ਤੇ ਅਰਥ ਪੈਦਾ ਕਰ ਦਿੱਤੇ ਸਨ। ਇਹ ਹੁਨਰ ਉਸ ਘੱਟ-ਬੋਲਣੇ ਲੇਖਕ ਨੂੰ ਕੁਦਰਤ ਵੱਲੋਂ ਬਖ਼ਸ਼ਿਆ ਹੋਇਆ ਹੈ।"* [1]

ਜਤਿੰਦਰ ਹਾਂਸ ਆਪਣੇ ਆਮ ਜਿਹੇ ਪਾਤਰਾਂ ਦੇ ਪਿਆਰ, ਸਾੜੇ, ਦੁੱਖ ਜਾਂ ਸੁਖ ਦੀਆਂ ਭਾਵਨਾਵਾਂ ਵਿਚੋਂ ਲੰਘਦਾ ਆਮ ਜਿਹੀਆਂ ਗੱਲਾਂ ਨੂੰ ਖ਼ਾਸ ਬਣਾ ਦਿੰਦਾ ਹੈ। ਉਹਦੀ ਸਹਿਜਤਾ ਤੋਂ ਲੱਗਦਾ ਹੈ ਕਿ ਉਹ ਜਿਨ੍ਹਾਂ ਆਮ ਬੋਲੇ ਜਾਂਦੇ ਸ਼ਬਦਾਂ ਤੇ ਮੁਹਾਵਰਿਆ ਨਾਲ ਕਿੰਨੇ ਹੀ ਨਵੇਂ ਪਾਤਰ ਪੈਦਾ ਕਰ ਲੈਂਦਾ ਹੈ। ਜਿਹੜੇ ਮੁਹੱਬਤਾਂ, ਸਾੜਿਆਂ, ਸੁਆਰਥਾਂ ਤੇ ਹਰ ਖਿੱਚਾਂ-ਧੂਹਾਂ 'ਚ ਪਏ ਚੰਗੀ-ਮਾੜੀ ਜ਼ਿੰਦਗੀ ਗੁਜ਼ਾਰੀ ਜਾਂਦੇ ਹਨ। ਇਹ ਆਮ ਜਿਹੇ ਪਾਤਰ ਕਹਾਣੀ ਵਿੱਚ ਆਕੇ ਖ਼ਾਸ ਅਰਥ ਪੈਦਾ ਕਰਨ ਲੱਗ ਪੈਂਦੇ ਹਨ। ਜਤਿੰਦਰ ਹਾਂਸ ਦੀਆਂ ਕਹਾਣੀਆਂ ਮਨਾਂ ਦੀਆਂ ਗੁੱਝੀਆਂ ਰਮਜਾਂ ਖੋਲ੍ਹਦੀਆਂ ਹਨ ਜੋ ਕਹਾਣੀਕਾਰ ਨੂੰ ਪੰਜਾਬੀ ਸਾਹਿਤ ਵਿੱਚ ਵੱਖਰਾ ਸਿੱਧ ਕਰ ਦੀਆਂ ਹਨ। ਹੁਣ ਤੱਕ ਜਤਿੰਦਰ ਹਾਂਸ ਨੇ ਪੰਜਾਬੀ ਸਾਹਿਤ ਨੂੰ " ਪਾਵੇ ਨਾਲ ਬੰਨ੍ਹਿਆ ਕਾਲ"-2005 (ਹਿੰਦੀ ਵਿੱਚ ਅਨੁਵਾਦ-ਪਾਵੇ ਸੇ ਬੰਧਾ ਹੂਆ ਕਾਲ), "ਈਸ਼ਵਰ ਦਾ ਜਨਮ"-2009, "ਬੇਗਮ ਅਤੇ ਗੁਲਾਮ"-2010 (ਸੰਪਾਦਨ), ਸਭ ਛੂਠ"- 2018 ( ਢਾਹਾਂ ਪੁਰਸਕਾਰ ਪ੍ਰਾਪਤ ),

"ਏਨੀ ਮੇਰੀ ਬਾਤ" (ਬਾਲ ਕਹਾਣੀਆਂ) -2021, "ਉਹਦੀਆਂ ਅੱਖਾਂ 'ਚ ਸੂਰਜ ਹੈ"-2023 ਆਦਿ ਰਚਨਾਵਾਂ ਦਿੱਤੀਆਂ ਹਨ। ਉਸ ਦੀਆਂ ਕੁਝ ਕਹਾਣੀਆਂ ਉੱਤੇ ਛੋਟੀਆਂ ਫ਼ਿਲਮਾਂ ਬਣ ਚੁੱਕੀਆਂ ਹਨ ਜਿਨ੍ਹਾਂ ਵਿਚੋਂ 'ਤੱਖੀ' ਅਤੇ "ਲੁਤਰੋ" ਖ਼ਾਸ ਵਰਨਨਯੋਗ ਹਨ। "ਪਾਵੇ ਨਾਲ ਬੰਨ੍ਹਿਆਂ ਕਾਲ" ਹਿੰਦੀ ਵਿਚ ਅਤੇ ਕੁਝ ਕਹਾਣੀਆਂ ਅੰਗਰੇਜ਼ੀ ਅਤੇ ਭਾਰਤ ਦੀਆਂ ਹੋਰ ਕਈ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀਆਂ ਹਨ। ਉਸਨੂੰ ਬਹੁਤ ਸਾਰੇ ਇਨਾਮਾਂ ਨਾਲ ਸਨਮਾਨਿਆ ਗਿਆ ਹੈ ਜਿਨ੍ਹਾਂ ਵਿਚੋਂ ਪ੍ਰਿੰਸੀਪਲ ਸੁਜਾਨ ਸਿੰਘ ਪੁਰਸਕਾਰ, ਸੰਤ ਸਿੰਘ ਸੇਖੋਂ ਪੁਰਸਕਾਰ ਅਤੇ ਸਵਰਨ ਕੌਰ ਯਾਦਗਾਰੀ ਪੁਰਸਕਾਰ (ਅਖਬਾਰ ਨਵਾਂ ਜ਼ਮਾਨਾ) ਵਧੇਰੇ ਜ਼ਿਕਰਯੋਗ ਹਨ।

ਜਤਿੰਦਰ ਹਾਂਸ ਪੇਸ਼ੇ ਵਜੋਂ ਇੱਕ ਅਧਿਆਪਕ ਹੈ ਜੋ ਪੇਂਡੂ ਸਮਾਜ ਨਾਲ ਸੰਬੰਧ ਰੱਖਦਾ ਹੈ। ਇੱਕ ਸਾਧਾਰਨ ਕਿਸਾਨ ਪਰਿਵਾਰ ਵਿੱਚ ਜਨਮ ਹੋਇਆ ਹੈ। ਪੇਂਡੂ ਜੀਵਨ ਨੂੰ ਜੀਵਿਆਂ ਹੈ। ਇਹੀ ਕਾਰਨ ਹੈ ਕਿ ਹਾਂਸ ਦੀਆਂ ਕਹਾਣੀਆਂ ਵਿਚ ਛੋਟੀ ਤੋਂ ਛੋਟੀ ਘਟਨਾ ਵੀ ਡੂੰਘੇ ਅਰਥ ਸਿਰਜ ਜਾਂਦੀ ਹੈ। ਹਾਂਸ ਕੋਲ ਕਹਾਣੀ ਕਹਿਣ ਦਾ ਹੁਨਰ ਹੈ। ਇਤਿਹਾਸ ਮਿਥਿਹਾਸ ਦੀ ਡੂੰਘੀ ਸੂਝ ਤੇ ਲੋਕ ਕਹਾਣੀਆਂ ਦੇ ਭੰਡਾਰ ਤਜਿੰਦਰ ਹਾਂਸ ਨੂੰ ਅਜੋਕੀ ਪੰਜਾਬੀ ਕਹਾਣੀਕਾਰਾਂ ਦੀ ਪੀੜ੍ਹੀ ਨਾਲੋਂ ਵੱਖ ਕਰਦੀ ਹੈ। ਵਿਸ਼ਵੀ ਪੱਧਰ ਤੇ ਵਾਪਰ ਰਹੇ ਵਰਤਾਰਿਆਂ ਨੂੰ ਆਪਣੀ ਗਲਪਕਾਰੀ ਦੀ ਪਿਉਂਦ ਲਗਾ ਕੇ ਪੇਸ਼ ਕਰਨਾ ਜਤਿੰਦਰ ਹਾਂਸ ਦੀ ਕਹਾਣੀ ਕਲਾ ਦੀ ਵਿਲੱਖਣਤਾ ਹੈ। ਸਾਡੇ ਸਮਾਜ ਵਿੱਚ ਦੱਬੇ ਕੁੱਚਲੇ ਲੋਕਾਂ ਦੀਆਂ ਦੱਬੀਆਂ ਕੁਚਲੀਆਂ ਰੀਝਾਂ ਨੂੰ ਮਿਥਿਹਾਸ ਦੇ ਹਵਾਲੇ ਨਾਲ ਪੇਸ਼ ਕਰਨਾ, ਵਿਸ਼ਵੀਕਰਨ ਦੇ ਦੌਰ ਵਿੱਚ ਹੱਥੋਂ ਖੁੱਸ ਰਹੇ ਪਿੱਤਰੀ ਕਿੱਤੇ, ਸਵਾਰਥ, ਕਪਟ ਦੀ ਚਾਦਰ ਵਿਚ ਸਿਮਟਦੇ ਰਿਸ਼ਤੇ, ਬੰਦੇ ਦੀ ਹੋਣੀ ਬੰਦਾ ਹੋਣ ਦੀ ਕੀਮਤ ਤੋਂ ਮਨਫ਼ੀ ਹੋਣੀ ਆਦਿ ਨੂੰ ਆਪਣੇ ਗਲਪੀ ਹੁਨਰ ਰਾਹੀਂ ਪੇਸ਼ ਕਰਦਾ ਹੈ।

**ਬਿਰਤਾਂਤਕਾਰ ਦਾ ਨਜ਼ਰੀਆ**

ਬਿਰਤਾਂਤ ਸ਼ਾਸਤਰ ਦੀ ਤਕਨੀਕੀ ਸ਼ਬਦਾਵਲੀ ਵਿੱਚ ਬਿਰਤਾਂਤਕਾਰ ਦੀ ਕਥਾ ਗ੍ਰਹਿਣ ਕਰਨ ਦੀ ਪ੍ਰਕਿਰਿਆ ਨੂੰ ਬਿਰਤਾਂਤਕਾਰ ਦਾ ਮੂਡ ਕਿਹਾ ਜਾਂਦਾ ਹੈ। 'ਤੱਖੀ' ਕਹਾਣੀ ਬਹੁਪਸਾਰੀ ਅਤੇ ਜੀਵਨ ਦੇ ਵਿਭਿੰਨ ਪੱਖਾਂ ਨੂੰ ਪੇਸ਼ ਕਰਦੀ ਜਤਿੰਦਰ ਸਿੰਘ ਹਾਂਸ ਦੀ ਕਲਾ ਕਹਾਣੀ, ਬਿਰਤਾਤਕਾਰੀ ਦਾ ਸਿਖ਼ਰ ਹੈ। ਹਾਂਸ ਲੋਕ ਕਹਾਣੀਆਂ ਵਿਚਲੀਆਂ ਲੋਕ ਰੂੜੀਆਂ, ਮਿੱਥਾਂ, ਇਤਿਹਾਸਕ ਵੇਰਵਿਆਂ ਅਤੇ ਸਧਾਰਨ ਲੋਕਾਂ ਦੇ ਜੀਵਨ ਦੀਆਂ ਤੰਗੀਆਂ ਤੁਰਸ਼ੀਆਂ, ਲੋੜਾਂ -ਥੁੜਾਂ, ਬਦਲ ਰਹੀ ਸੱਭਿਆਚਾਰਕ ਤਰਤੀਬ, ਆਧੁਨਿਕਤਾ ਤੋਂ ਪਾਰ ਉਤਰ ਆਧੁਨਿਕਤਾ ਅਤੇ ਪੂੰਜੀ ਦੇ ਪਸਾਰ ਕਾਰਨ ਖੁੱਸ ਰਹੇ ਪਿਤਾ ਪੁਰਖੀ ਕਿੱਤਿਆਂ, ਪੰਜਾਬੀ ਸੱਭਿਆਚਾਰ ਦੀਆਂ ਧੁਰ ਜੜ੍ਹਾਂ ਤੱਕ ਰਚੇ ਜਾਤੀ ਪਾੜੇ ਨੂੰ ਆਪਣੀ ਕਹਾਣੀ ਦਾ ਰਚਨਾ ਪਰਿਵੇਸ਼ ਬਣਾਉਂਦਾ ਹੈ। ਹਾਂਸ ਮਿਥਹਾਸਿਕ ਪਾਤਰ ਤੱਖਛਿਕ ਨਾਗ ਦਾ ਬਹੁਪਰਤੀ, ਬਹੁਪਸਾਰੀ ਅਤੇ ਬਹੁਅਰਥੀ ਗਲਪ ਸੰਚਾਰ ਕਰ ਰਿਹਾ ਹੈ। ਜਿੱਥੇ ਭਾਰਤੀ ਮਿਥਿਹਾਸ ਵਿੱਚ ਤੱਖਛਿਕ ਨਾਗ ਨੂੰ ਮਨੁੱਖਤਾ ਦਾ ਵੈਰੀ ਸਮਝਿਆ ਜਾਂਦਾ ਹੈ, ਉੱਥੇ ਹੀ ਇਹ ਮਿਥਿਹਾਸਕ ਪਾਤਰ ਆਪਣੇ ਨਾਗ ਲੋਕ ਦੀ ਰਾਖੀ ਅਤੇ ਵਿਕਾਸ ਲਈ ਤੱਤਕਾਲੀਨ ਸਮਾਜ ਦੇ ਸਾਹਮਣੇ ਖੜ੍ਹਦਾ ਹੈ। ਜਤਿੰਦਰ ਹਾਂਸ 'ਤੱਖੀ' ਕਹਾਣੀ ਵਿੱਚ ਤੱਖਛਿਕ ਨਾਗ ਨੂੰ ਉਪਰੋਕਤ ਦੋਨਾਂ ਪੱਧਰਾ ਤੇ ਵਿਚਰਦਾ ਪੇਸ਼ ਕਰਦਾ ਹੈ। ਇੱਕ ਪਾਸੇ ਕਹਾਣੀ ਦਾ ਮੁੱਖ ਪਾਤਰ ਕਾਲੂ ਆਪਣੇ ਪਿਤਾ ਪੁਰਖੀ ਕਿੱਤੇ ਨੂੰ ਖ਼ਤਮ ਹੁੰਦਿਆਂ ਵੇਖ ਰਿਹਾ ਹੈ। ਕਾਲੂ ਦਾ ਪੁੱਤਰ ਜੱਗੂ ਆਪਣੇ ਪੁਸ਼ਤੈਨੀ ਕਿੱਤੇ ਵਿਚੋਂ ਰੁਜ਼ਗਾਰ ਪੈਦਾ ਕਰਨ ਤੋਂ ਅਸਮਰਥ ਹੈ, ਉੱਥੇ ਹੀ ਤੱਖੀ ਦਾ ਦੂਜਾ ਰੂਪ ਆਪਣੇ ਅਹਿੰਮ ਨੂੰ ਚਿਰਕਾਲ ਤੱਕ ਬਣਾਈ ਰੱਖਣ ਦੀ ਕੋਸ਼ਿਸ਼ ਵਿਚ ਉੱਭਰਦਾ ਹੈ। ਪਿੰਡ ਦੇ ਨੰਬਰਦਾਰ ਦੇ ਰੂਪ ਵਿੱਚ ਅਫ਼ੀਮ ਵੇਚ ਕੇ ਆਪਣੀ ਸਮਾਜਿਕ ਹੁੱਬ ਅਤੇ ਠਾਠ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਹਾਂਸ ਪਿੰਡ ਦਾ ਜਨਮਿਆਂ, ਪਿੰਡ ਵਿੱਚ ਜਵਾਨ ਹੋਇਆ ਹੈ ਜਿਸ ਕਰਕੇ ਹਾਂਸ ਨੂੰ ਪੇਂਡੂ ਜੀਵਨ ਦਾ ਭਰਪੂਰ ਤਜ਼ੁਰਬਾ ਹੈ। ਬੇਜ਼ਮੀਨੇ ਅਤੇ ਆਰਥਿਕ ਪੱਖੋਂ ਹੀਣੇ ਲੋਕਾਂ ਦੇ ਜੀਵਨ ਯਥਾਰਥ ਨੂੰ ਜਾਣਦਾ ਹੈ। ਬੇਜ਼ਮੀਨੇ ਲੋਕਾਂ ਨੂੰ ਸਮਾਜਿਕ ਮਕਬੂਲੀਅਤ ਦੇ ਦਾਇਰੇ ਵਿਚੋਂ ਸਦੀਆਂ ਪਹਿਲਾਂ ਹੀ ਸਮਾਜ ਦੇ ਸਥਾਪਤ ਲੋਕਾਂ ਨੇ ਬਾਹਰ ਕੱਢ ਰੱਖਿਆ ਹੈ। ਪਿੰਡਾਂ ਦੇ ਬੇਜ਼ਮੀਨੇ ਲੋਕਾਂ ਕੋਲੋਂ ਸੱਭਿਆਚਾਰਕ ਵਿਕਾਸ, ਉਦਯੋਗਿਕ ਕ੍ਰਾਂਤੀ ਅਤੇ ਹਰੀ ਕ੍ਰਾਂਤੀ ਨੇ ਰੋਜ਼ੀ ਰੋਟੀ ਦੇ ਵਸੀਲੇ ਵੀ ਖੋਹ ਲਏ ਹਨ। ਲੋਕ ਆਪਣੇ ਪੁਸ਼ਤੈਨੀ ਕਿੱਤੇ ਛੱਡ ਕੇ ਰੋਟੀ ਦਾ ਆਹਰ ਨਵੇਂ ਕਿੱਤਿਆਂ ਵਿਚੋਂ ਲੱਭ ਰਹੇ ਹਨ। ਕਾਲੂ ਦੇ ਬੋਲ ਇਸ ਦੇ ਪ੍ਰਮਾਣਿਕ ਆਧਾਰ ਹੋ ਨਿੱਬੜਦੇ ਹਨ :-

> *"ਦੁੱਖ ਦੇਣਿਆ, ਜੇ ਸਪੇਰੇ ਦਾ ਪੁੱਤ ਏਂ ਤਾਂ ਕੋਈ ਨਾਗਣ ਕੀਲ ਕੇ ਦਿਖਾ ਖਾਂ...।"*[2]

ਆਰਥਿਕ ਪੱਖੋਂ ਕਮਜ਼ੋਰ ਜੱਗੂ ਦਾ ਪਿੰਡ ਦੇ ਬਾਲਕ ਬਾਹਮਣ ਦੀ ਕੁੜੀ ਨੂੰ ਪਿਆਰ ਕਰਨਾ ਅਤੇ ਬਾਲਕ ਬਾਹਮਣ ਵੱਲੋਂ ਇਸ ਪ੍ਰਤੀ ਕੀਤੀ ਪ੍ਰਕਿਰਿਆ ਭਾਰਤੀ ਸਮਾਜ ਅਤੇ ਜੀਵਨ ਵਿੱਚ ਫੈਲੀ ਜਾਤੀ ਨਫ਼ਰਤ ਦਾ ਸੰਚਾਰ ਕਰ ਰਹੀ ਹੈ। ਕਾਲੂ ਦਾ ਹਸਪਤਾਲ ਵਿੱਚ ਡੌਰਭੌਰਿਆਂ ਫਿਰਨਾ ਅਜੋਕੀ ਉੱਤਰ ਆਧੁਨਿਕ ਦੌਰ ਵਿੱਚ ਗਵਾਚ ਰਹੀ ਸਮੁੱਚੀ ਮਨੁੱਖਤਾ ਦਾ ਬਿੰਬ ਹੋ ਨਿਬੜਦਾ ਹੈ। ਹਸਪਤਾਲ ਇੱਕ ਇੱਕ ਅਜਿਹੇ ਸੱਭਿਆਚਾਰਕ ਪ੍ਰਬੰਧ ਨੂੰ ਪੇਸ਼ ਕਰ ਰਿਹਾ ਹੈ ਜਿਥੇ ਬੰਦਾ ਪਿਤਰੀ ਮੋਹ ਤੋਂ ਵਿਹੂਣਾ ਮਰ ਰਿਹਾ ਹੈ। ਸਮਾਜਿਕ ਨਾ ਬਰਾਬਰੀ ਅਤੇ ਨਾਮਕਬੂਲੀਅਤ ਕਾਲੂ ਅਤੇ ਹਸਪਤਾਲ ਦੇ ਸਕਿਊਰਟੀ ਗਾਰਡ ਦੇ ਸੰਵਾਦ ਰਾਹੀਂ ਪੇਸ਼ ਹੋ ਰਹੀ ਹੈ।

**ਬਿਰਤਾਂਤਕਾਰ ਦਾ ਫੋਕਸੀਕਰਨ ਅਤੇ ਫੋਕਸੀਕਰਨ ਦੀਆਂ ਤਕਨੀਕਾਂ**

ਬਿਰਤਾਂਤਕ ਪਾਠ ਵਿੱਚ ਬਿਰਤਾਂਤਕਾਰ ਵੱਲੋਂ ਗ੍ਰਹਿਣ ਕੀਤੀ ਕਥਾ ਅਤੇ ਉਸ ਕਥਾ ਨੂੰ ਵਿਉਂਤਣ ਪ੍ਰਗਟਾਉਣ ਲਈ ਅਪਣਾਈ ਦ੍ਰਿਸ਼ਟੀ ਵਿੱਚ ਪੈਦਾ ਹੋਇਆ ਤਾਲਮੇਲ ਫੋਕਸੀਕਰਨ ਕਹਾਉਂਦਾ ਹੈ। ਬਿਰਤਾਂਤਕਾਰ ਵੱਲੋਂ ਫੋਕਸੀਕਰਨ ਲਈ ਵਰਤੀਆਂ ਜਾਂਦੀਆਂ ਦੋ ਸੰਭਾਵਨਾਵਾਂ ਜ਼ਿਕਰਯੋਗ ਹਨ :- ਬਾਹਰੀ ਫੋਕਸੀਕਰਨ ਅਤੇ ਆਂਤਰਿਕ ਫੋਕਸੀਕਰਨ। ਬਾਹਰੀ ਫੋਕਸੀਕਰਨ ਬਿਰਤਾਂਤਕਾਰ ਪਾਠ ਤੋਂ ਬਾਹਰ ਰਹਿ ਕੇ ਵਿਉਂਤ ਦਾ ਹੈ। ਆਂਤਰਿਕ ਫੋਕਸੀਕਰਨ ਚਰਿੱਤਰ ਰਾਹੀਂ ਕੀਤਾ ਜਾਂਦਾ ਹੈ। ਹਾਂਸ ਅਨੁਸਾਰ, ਉਹ ਬਹੁਤੀਆਂ ਕਹਾਣੀਆਂ ਉਦੋਂ ਲਿਖਦਾ ਹੈ ਜਦੋਂ ਉਸਦਾ ਮਨ ਉਦਾਸ ਹੁੰਦਾ ਹੈ। ਉਹ ਆਪਣੇ ਪਾਤਰਾਂ ਬਾਰੇ ਕਹਾਣੀਆਂ ਲਿਖਣ ਅਤੇ ਉਨ੍ਹਾਂ ਦੇ ਦੁੱਖ ਸੁਖ ਦਾ ਸਾਂਝੀ ਬਣਨ ਰਾਹੀਂ ਬੇਹੱਦ ਖੁਸ਼ੀ ਮਹਿਸੂਸ ਕਰਦਾ ਹੈ।

'ਤੱਖੀ' ਕਹਾਣੀ ਵਿੱਚ ਬਿਰਤਾਂਤਕਾਰ ਫੋਕਸੀਕਰਨ ਦੀ ਵਿਉਂਤ ਲਈ ਮੁੱਖ ਪਾਤਰ ਕਾਲੂ ਰਾਹੀਂ ਆਂਤਰਿਕ ਫੋਕਸੀਕਰਨ ਵਿਧੀ ਨੂੰ ਅਪਣਾਉਂਦਾ ਹੈ। ਕਹਾਣੀ ਦੀਆਂ ਸਾਰੀਆਂ ਘਟਨਾਵਾਂ ਪਾਤਰ ਦੇ ਕਾਰਜ ਰਾਹੀਂ ਵਾਪਰਦੀਆਂ ਹਨ। ਕਾਲੂ ਰਾਹੀਂ ਬਿਰਤਾਂਤਕਾਰ ਮਿਥਿਹਾਸਕ ਪਾਤਰ ਸ਼ੇਸ਼ ਨਾਗ ਦੀ ਮਿੱਥ ਉਸਾਰਦਾ ਹੋਇਆ ਸ਼ੇਸ਼ ਨਾਗ ਦਾ ਚਿੰਨ੍ਹੀਕਰਨ ਕਰਦਾ ਹੈ ਅਤੇ ਸ਼ੇਸ਼ ਨਾਗ ਨੂੰ ਬਹੁਪਸਾਰੀ ਮਿੱਥ ਵੱਜੋਂ ਪੇਸ਼ ਕਰਦਾ ਹੈ। ਹਾਂਸ ਕਹਾਣੀ ਵਿਚ ਪਾਤਰ ਉਸਾਰੀ ਦੀ ਥਾਂ ਘਟਨਾ ਸੰਚਾਰ ਅਤੇ ਸੱਮਸਿਆ ਪੇਸ਼ ਕਰਨ ਉੱਪਰ ਫੋਕਸੀਕਰਨ ਕਰ ਰਿਹਾ ਹੈ। ਕਹਾਣੀ ਵਿਚ ਸ਼ੇਸ਼ ਨਾਗ ਅਤੇ ਨਾਗਣ ਬੁਹਅਰਥੀ ਮਿੱਥ ਦਾ ਦਰਜਾ ਗ੍ਰਹਿਣ ਕਰ ਜਾਂਦੇ ਹਨ। ਉੱਤਰ ਅਧੁਨਿਕਤਾ ਦੇ ਯੁੱਗ ਵਿੱਚ ਪੂੰਜੀ ਨੇ ਹਰ ਰਿਸ਼ਤੇ ਵਿੱਚ ਆਪਣੀ ਸਪੇਸ ਬਣਾ ਲਈ ਹੈ, ਜਿਸ ਕਰਕੇ ਰਿਸ਼ਤਿਆਂ ਦੇ ਅਰਥ ਬਦਲ ਰਹੇ ਹਨ। ਮਨੁੱਖ ਜੰਗਲ ਯੁੱਗ ਤੋਂ ਸਵੈ ਨਿਰਮਤ ਪੱਥਰ ਯੁੱਗ ਵਿੱਚ ਪ੍ਰਵੇਸ਼ ਕਰ ਚੁੱਕਿਆਂ ਹੈ ਜਾਂ ਬਹੁਤ ਤੇਜ ਰਫਤਾਰ ਨਾਲ ਇਸ ਪੱਥਰ ਯੁੱਗ ਵਿਚ ਪ੍ਰਵੇਸ਼ ਕਰ ਰਿਹਾ ਹੈ। ਜਿੱਥੇ ਮਨੁੱਖ ਸਵੈ ਨੂੰ ਵੀ ਓਪਰੀ ਨਜ਼ਰ ਨਾਲ ਦੇਖ ਰਿਹਾ ਹੈ।

*"ਮੈਂ ਵੀ ਉਨ੍ਹਾਂ ਵਾਂਗ ਮੇਲੇ ਵਿੱਚ ਗੁਆਚੀ ਗਾਂ ਵਾਂਗ ਫਿਰਨ ਲੱਗਾ"।*[3]

*"ਪੱਥਰਾਂ ਦੇ ਮਕਾਨਾਂ 'ਚ ਰਹਿਣ ਵਾਲੇ ਲੋਕ ਪੱਥਰ ਦਿਲ ਹੋ ਜਾਂਦੇ ਹਨ। ਇਨ੍ਹਾਂ ਨੂੰ ਕਿਸੇ ਦੇ ਦੁੱਖ ਦੀ ਕੀ ਸਾਰ...ਬੁੱਚੜ ਨੇ, ਦੁੱਖ ਦੇਣੋ।"*[4]

ਉਪਰੋਕਤ ਕਥਾ ਖੰਡ ਵਿੱਚ ਬਿਗਾਨਗੀ ਵਿਚ ਘਿਰੇ ਮਨੁੱਖ ਦੀ ਹੋਣੀ ਦੀ ਸਾਰਥਿਕ ਪੇਸ਼ਕਾਰੀ ਹੈ। ਨਾਗਣ ਦੀ ਰੂੜੀ ਇੱਕ ਪਾਸੇ ਜਾਤੀ ਘਿਰਣਾ ਅਤੇ ਜਾਤੀ ਪਾੜੇ ਦਾ ਸੰਚਾਰ ਕਰ ਰਹੀ ਹੈ, ਉਥੇ ਹੀ ਦੂਜੇ ਪਾਸੇ ਨਾਗਣ ਭੁੱਖ ਨੰਗ ਅਤੇ ਕੰਗਾਲੀ ਦੇ ਰੂਪ ਵਿੱਚ ਪੇਸ਼ ਹੋ ਰਹੀ ਹੈ। ਸਾਰੀ ਕਹਾਣੀ ਮੁੱਖ ਪਾਤਰ ਕਾਲੂ ਦੇ ਰਾਹੀਂ ਬਿਆਨ ਕੀਤੀ ਜਾ ਰਹੀ ਹੈ। ਕਾਲੂ ਕਹਾਣੀ ਨੂੰ ਕੁਝ ਯਾਦਾਂ ਤੇ ਉਦਾਹਰਨਾਂ ਦੇ ਰੂਪ ਵਿੱਚ ਕਥਾ ਦਾ ਸੰਚਾਰ ਕਰਦਾ ਹੈ। 'ਤੱਖੀ' ਕਹਾਣੀ ਵਿੱਚ ਕਾਲੂ ਰਾਹੀਂ ਸਾਰੇ ਪਾਤਰਾਂ ਦਾ ਪਾਤਰ ਚਿੱਤਰਣ ਉੱਭਰ ਕੇ ਸਾਹਮਣੇ ਆਉਂਦਾ ਹੈ। ਅਜਿਹਾ ਕਰਨ ਲਈ ਹਾਂਸ ਆਂਤਰਿਕ ਫੋਕਸੀਕਰਨ ਦੇ ਸਥਿਰ, ਬਦਲਵੇ ਅਤੇ ਬਹੁਪਰਤੀ ਫੋਕਸੀਕਰਨ ਦੀ ਜੁਗਤ ਵਰਤਦਾ ਹੈ। ਕਾਲੂ ਦਾ ਪਾਤਰ ਚਿੱਤਰਣ ਸਥਿਰ ਫੋਕਸੀਕਰਨ ਅਧੀਨ ਹੋ ਰਿਹਾ ਹੈ। 'ਤੱਖੀ' ਨਾਗ ਦਾ ਚਿੱਤਰਣ ਬਹੁਪਰਤੀ ਫੋਕਸੀਕਰਨ ਰਾਹੀਂ ਅਤੇ ਜੱਗੂ, ਬਾਲਕ ਬਾਹਮਣ, ਨੰਬਰਦਾਰ, ਭੋਲੂ ਦਾ ਪਿਓ ਅਤੇ ਜੱਗੂ ਦੀ ਮਾਂ ਦਾ ਪਾਤਰ ਚਿੱਤਰਣ ਬਦਲਵੇਂ ਫੋਕਸੀਕਰਨ ਦੀ ਵਿਧੀ ਰਾਹੀਂ ਹੋ ਰਿਹਾ ਹੈ। ਜਤਿੰਦਰ ਹਾਂਸ ਦੀ ਬਿਰਤਾਂਤਕਾਰੀ ਵਿੱਚ ਫੋਕਸੀਕਰਨ ਤਕਨੀਕੀ ਪੱਖ ਤੋਂ ਸੰਭਾਵਨਾਵਾਂ ਯੁਕਤ ਹੈ ਅਤੇ ਸੰਚਾਰ ਸ਼ੈਲੀ ਦੀ ਵੰਨ ਸੁਵੰਨਤਾ ਹੈ। ਉਹ ਪਾਠ ਤੋਂ ਬਾਹਰ ਰਹਿ ਕੇ ਬਾਹਰੀ ਫੋਕਸੀਕਰਨ ਦੀ ਜੁਗਤ ਰਾਹੀਂ ਬਹੁਤ ਘੱਟ ਪਾਠ ਦਾ ਸੰਚਾਲਨ ਕਰਦਾ ਹੈ। ਉਸਦੀ ਬਿਰਤਾਂਤਿਕਤਾ ਵਕਤੇ ਨੂੰ ਚਰਿੱਤਰ ਨਾਲ ਤਦਰੂਪ ਕਰ ਪਾਠ ਦੇ ਅੰਦਰ ਵਿਚਰਦੀ ਹੈ ਅਤੇ ਆਂਤਰਿਕ ਫੋਕਸੀਕਰਨ ਦੀਆਂ ਤਿੰਨੋਂ ਸੰਭਾਵਨਾਵਾਂ-ਸਥਿਰ, ਬਦਲਵਾਂ ਅਤੇ ਬਹੁਪਰਤੀ ਆਂਤਰਿਕ ਫੋਕਸੀਕਰਨ ਹੰਢਾਉਂਦੀ ਹੈ। ਕਥਾ ਪਾਠ ਵਿੱਚ ਮੁੱਖ ਪਾਤਰ ਖੁਦ ਹੀ ਵਕਤਾ ਹੈ ਅਤੇ ਫੋਕਸੀਕਰਨ ਦਾ ਇੱਕੋ ਇੱਕ ਫੋਕਸ ਬਿੰਦੂ ਵੀ। ਦੂਜੇ ਚਰਿੱਤਰ ਇਸ ਫੋਕਸ ਅਧੀਨ ਉਥੋਂ ਤੱਕ ਵਿਚਰਦੇ ਹਨ ਜਿਥੋਂ ਤੱਕ ਉਨ੍ਹਾਂ ਦੀ ਹੋਂਦ "ਕਾਲੂ" ਪਾਤਰ ਦੀ ਚੇਤਨਾ ਵਿੱਚ ਦਖ਼ਲ ਰੱਖਦੀ ਹੈ, ਇਸ ਤੋਂ ਉਰ੍ਹੇ ਪਰ੍ਹੇ ਉਨ੍ਹਾਂ ਦੀ ਵਿਅਕਤੀ ਵਿਚਿੱਤਰਤਾ,ਹੋਂਦ ਜਾਂ ਹੋਣੀ ਦਾ ਗਾਲਪਨਿਕ ਬਿੰਬ ਵਿਚ ਕੋਈ ਪਾਸਾਰ ਨਹੀਂ।

**ਘਟਨਾਵੀ-ਵਿਉਂਤ ਅਤੇ ਮਿਆਦ**

ਆਧੁਨਿਕ ਕਹਾਣੀ ਵਿਚ ਘਟਨਾਵਾਂ ਦੀ ਤਰਤੀਬ ਹੀ ਨਹੀਂ ਉਨ੍ਹਾਂ ਦੀ ਵਾਪਰਨ ਦੀ ਮਿਆਦ ਵੀ ਇਸਦੇ ਬਿਰਤਾਂਤ ਸ਼ਾਸਤਰ ਦੇ ਅਨੇਕ ਪਹਿਲੂਆਂ ਨੂੰ ਉਜਾਗਰ ਕਰਦੀ ਹੈ। ਇਸ ਤਰ੍ਹਾਂ ਬ੍ਰਹਿਮੰਡਕੀ ਸਮਾਂ ਬਿਰਤਾਂਤ ਵਿਚ ਬਿਲਕੁਲ ਵੱਖਰੀ ਦਿੱਖ ਗ੍ਰਹਿਣ ਕਰ ਜਾਂਦਾ ਹੈ, ਜਿਸ ਨੂੰ ਨਿਰਧਾਰਿਤ ਕਰਨ ਲਈ ਬਿਰਤਾਂਤਕਾਰ ਦਾ ਮੂਡ, ਫੋਕਸੀਕਰਨ, ਕਲਾਤਮਕ ਲਗਾਓ ਅਤੇ ਸਮਰੱਥਾ ਹੀ ਨਹੀਂ ਬਿਰਤਾਂਤਕ ਵਿਧਾ ਦੀ ਪ੍ਰਕਿਰਤੀ ਦਾ ਵੀ ਰੋਲ ਹੁੰਦਾ ਹੈ।

*"ਤੋਦੋਰੋਵ ਨੇ ਬਿਰਤਾਂਤ ਵਿਚ ਕਾਲ ਦੀ ਮਿਆਦ ਦੀਆਂ ਚਾਰ ਸੰਭਾਵਾਨਾਵਾਂ ਮਿੱਥੀਆਂ ਹਨ:- ਅਟਕਾਓ, ਦ੍ਰਿਸ਼, ਸ਼ਬਦ ਲੋਪ ਅਤੇ ਸੰਖੇਪ।"*[5]

*"ਮੀਕਬਲ ਨੇ ਪੰਜ ਸੰਭਾਵਨਾਵਾਂ ਦਾ ਜ਼ਿਕਰ ਕੀਤਾ ਹੈ:- ਅਟਕਾਓ, ਦ੍ਰਿਸ਼, ਸ਼ਬਦ ਲੋਪ, ਸੰਖੇਪ ਅਤੇ ਮੱਠਾਰਨ।"*[6]

*'ਤੱਖੀ' ਕਹਾਣੀ ਦਾ ਘਟਨਾ ਸੰਚਾਰ ਅਟਕਾਓ ਦੀ ਜੁਗਤ ਰਾਹੀਂ ਸ਼ੁਰੂ ਹੁੰਦਾ ਹੈ। ਸਦੀਆਂ ਪਹਿਲਾਂ ਹੋਂਦ ਵਿੱਚ ਆਈ ਮਿੱਥਕ ਕਥਾ ਤੁਰੰਤ ਕਾਲੂ ਦੇ*

*ਸਮਕਾਲੀਨ ਵਾਪਰਨ ਲੱਗਦੀ ਹੈ।"... ਸ਼ੇਸ਼ ਨਾਗ ਜਿਹੜਾ ਧਰਤੀ ਦੁਆਲੇ ਕੁੰਡਲ ਮਾਰੀ ਕੇ, ਆਪਣੀ ਪੂਛ ਮੂੰਹ ਵਿੱਚ ਪਾ ਕੇ, ਅਜੇ ਤੱਕ ਧਰਤੀ ਨੂੰ ਬੰਨ੍ਹੀ ਬੈਠਾ, ਉਹ ਧਰਤੀ ਨੂੰ ਛੱਡ ਸਕਦੈ...।"*[7]

ਉਪਰੋਕਤ ਕਥਾ ਖੰਡ ਵਿੱਚ ਬਿਰਤਾਂਤਕਾਰ ਸਦੀਆਂ ਦੇ ਲੰਮੇ ਸਮੇਂ ਨੂੰ ਕੁਝ ਕੁਝ ਸ਼ਬਦਾਂ ਵਿੱਚ ਸਮੇਟ ਕੇ ਪੇਸ਼ ਕਰ ਰਿਹਾ ਹੈ, ਅਜਿਹਾ ਘਟਨਾ ਵਾਪਰਨ ਮਿਆਦ ਸ਼ਬਦ ਲੋਪ ਦੀ ਵਿਧੀ ਅਖਵਾਉਂਦੀ ਹੈ। ਬਿਰਤਾਂਤਕਾਰ ਕਥਾ ਨੂੰ ਛੋਟੇ-ਛੋਟੇ ਖੰਡ ਬਣਾ ਕੇ ਪੇਸ਼ ਕਰ ਰਿਹਾ ਹੈ। ਧੰਨਾਤਰ ਵੈਦ ਦੀ ਸਾਖੀ ਵੀ ਉਪਰੋਕਤ ਸ਼ਬਦ ਲੋਪ ਦੀ ਵਿਧੀ ਰਾਹੀਂ ਹੀ ਸੰਚਾਰ ਕਰ ਰਹੀ ਹੈ। ਬਿਰਤਾਂਤਕਾਰ ਕਥਾ ਸੰਚਾਰ ਲਈ ਪਿੱਛਲਝਾਤ ਵਿਧੀ, ਯਾਦਾਂ ਅਤੇ ਸਾਧਾਰਨ ਵਰਨਣ ਬਿਰਤਾਂਤ ਜੁਗਤ ਦੀ ਵਰਤੋਂ ਕਰਦਾ ਹੈ। ਇਸੇ ਹੀ ਬਿਰਤਾਂਤ ਲੜੀ ਵਿੱਚ ਸ਼ੇਸ਼ ਨਾਗ, ਧਨੰਤਰ ਵੈਦ ਅਤੇ ਕਾਲੂ ਦੇ ਬਚਪਨ ਵਿੱਚ ਵਰਮੀ ਵਿਚੋਂ ਸੱਪ ਫੜਨ ਦੀ ਘਟਨਾ ਨੂੰ ਉਪਰੋਕਤ ਘਟਨਾਵਾਂ ਦੇ ਵਾਪਰਨ ਸਮੇਂ ਨਾਲੋਂ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਅਤੇ ਥੋੜ੍ਹੇ ਸ਼ਬਦਾਂ ਵਿੱਚ ਬਿਆਨ ਕੀਤੀ ਜਾ ਰਹੀ ਹੈ। ਅਜਿਹਾ ਕਰਦਿਆਂ ਬਿਰਤਾਂਤਕਾਰ ਸੰਖੇਪੀਕਰਨ ਦੀ ਵਿਧੀ ਅਪਣਾ ਰਿਹਾ ਹੈ ਕਿਉਂਕਿ ਉਪਰੋਕਤ ਘਟਨਾਵਾਂ ਕਥਾ ਬਿਰਤਾਂਤ ਵਿਚ ਘਟਨਾਵਾਂ ਦੇ ਅਸਲ ਵਾਪਰਨ ਮਿਆਦ ਤੋਂ ਬਹੁਤ ਛੋਟੇ ਵਕਫੇ ਵਿੱਚ ਵਾਪਰ ਜਾਂਦੀਆਂ ਹਨ। ਘਟਨਾਵਾਂ ਸਿਰਫ਼ ਯਾਦਾਂ ਜਾਂ ਪਿੱਛਝਾਤ ਦੀ ਵਿਧੀ ਰਾਹੀਂ ਸਿਰਜਿਆਂ ਜਾ ਰਹੀਆਂ ਹਨ।

*"ਮੈਂ ਅੱਠਾਂ ਦਸਾਂ ਵਰ੍ਹਿਆਂ ਦਾ ਸੀ ।"*[8]

ਉਪਰੋਕਤ ਕਥਾ ਖੰਡ ਕਾਲੂ ਦੇ ਬਚਪਨ ਦੇ ਵਰ੍ਹਿਆਂ ਦੀ ਉਮਰ ਕੁਝ ਸ਼ਬਦਾਂ ਵਿੱਚ ਬਿਆਨ ਕਰ ਜਾਂਦਾ ਹੈ। ਕਾਲੂ ਦੁਆਰਾ ਹਸਪਤਾਲ ਵਿੱਚ ਆਪਣੇ ਪੁੱਤਰ ਜੱਗੂ ਦਾ ਪਤਾ ਲੈਣ ਅਤੇ ਕੋਈ ਜੜ੍ਹੀ ਬੂਟੀ ਲਾਉਣ ਦਾ ਬਿਰਤਾਂਤ ਕੁਝ ਹੱਦ ਤੱਕ ਲਟਕਾਓ ਦੀ ਵਿਧੀ ਰਾਹੀਂ ਪੇਸ਼ ਕੀਤਾ ਜਾ ਰਿਹਾ ਹੈ ਕਿਉਂਕਿ ਕਹਾਣੀ ਦਾ ਬਹੁਤਾ ਬਿਰਤਾਂਤ ਹਸਪਤਾਲ ਦੇ ਵਿੱਚ ਹੀ ਕੇਂਦਰਿਤ ਹੈ। ਜਦੋਕਿ ਕਹਾਣੀ ਵਿਚਲੀਆ ਹੋਰ ਘਟਨਾਵਾਂ ਅੱਖ ਝਮਕਣ ਦੇ ਸਮੇਂ ਵਿੱਚ ਕਾਰਜਸ਼ੀਲ ਹੋ ਕੇ ਤੁਰੰਤ ਸਿਥਲ ਹੋ ਜਾਂਦੀਆਂ ਹਨ। ਬਹੁਤੀਆਂ ਘਟਨਾਵਾਂ ਸਾਖੀ ਰੂਪ ਵਿਚ ਹਨ ਜਾਂ ਵਰਨਣ ਮਾਤਰ ਹਨ।

**ਘਟਨਾਵਾਂ ਦੀ ਬਾਰੰਬਾਰਤਾ ਅਤੇ ਘਟਨਾ ਸਥਲ**

ਇੱਕ ਬਿਰਤਾਂਤਕਾਰ ਆਪਣੀ ਰਚਨਾ ਵਿੱਚ *"ਇੱਕਹਿਰਯੁਕਤ, ਅਨੇਕਹਿਰ ਯੁਕਤ, ਦੁਹਰਾਓ ਯੁਕਤ ਅਤੇ ਬਹੁਤਾਤ ਯੁਕਤ"*[9] ਦੀ ਵਰਤੋਂ ਕਰਦਾ ਹੈ। ਇੱਕਹਿਰਯੁਕਤ ਵਿੱਚ ਇੱਕ ਘਟਨਾ ਇੱਕੋ ਪ੍ਰਵਚਨ ਸਿਰਜਦੀ ਹੈ ਭਾਵ ਘਟਨਾ ਦਾ ਦੁਹਰਾਓ ਨਹੀਂ ਕੀਤਾ ਜਾਂਦਾ। ਬਿਰਤਾਂਤਕਾਰ ਇੱਕ ਘਟਨਾ ਨੂੰ ਇੱਕ ਵਾਰ ਹੀ ਬਿਆਨਦਾ ਹੈ। ਵਿਭਿੰਨ ਘਟਨਾਵਾਂ ਦੀਆਂ ਵਿਭਿੰਨ ਪੇਸ਼ਕਾਰੀਆਂ ਅਨੇਕਹਿਰ ਯੁਕਤ ਰਾਹੀਂ ਪੇਸ਼ ਕੀਤੀਆਂ ਜਾਂਦੀਆਂ ਹਨ ਜਦਕਿ ਕਿ ਦੁਹਰਾਓ ਯੁਕਤ ਵਿੱਚ ਇੱਕੋ ਘਟਨਾ ਦਾ ਵਾਰ-ਵਾਰ ਦੁਹਰਾਓ ਕੀਤਾ ਜਾਂਦਾ ਹੈ। ਹੱਥਲੀ ਕਹਾਣੀ ਵਿੱਚ ਬਿਰਤਾਂਤਕਾਰ ਇੱਕਹਿਰਯੁਕਤ ਦੀ ਵਰਤੋਂ ਕਰਦਾ ਹੈ, ਕਿਉਂਕਿ ਕਥਾ ਪ੍ਰਵਚਨ ਵਿੱਚ ਕੋਈ ਵੀ ਘਟਨਾ ਇੱਕ ਤੋਂ ਵੱਧ ਵਾਰ ਨਹੀਂ ਵਾਪਰਦੀ ਅਤੇ ਨਾ ਹੀ ਕਿਸੇ ਘਟਨਾ ਜਾਂ ਕਥਾ ਖੰਡ ਦਾ ਦੁਹਰਾਓ ਹੀ ਪੇਸ਼ ਕੀਤਾ ਜਾ ਰਿਹਾ ਹੈ।

ਸਥੂਲ ਰੂਪ ਵਿੱਚ ਸਮੁੱਚਾ ਬਿਰਤਾਂਤਕ ਕਾਰਜ ਹਸਪਤਾਲ ਵਿੱਚ ਵਾਪਰਦਾ ਹੈ। ਪਰ ਕਹਾਣੀ ਦਾ ਬਹੁਤਾ ਕਾਰਜ ਕਹਾਣੀ ਦੇ ਮੁੱਖ ਪਾਤਰ ਕਾਲੂ ਦੇ ਮਨ ਵਿੱਚ ਸੂਖਮ ਰੂਪ ਵਿੱਚ ਵਪਰਦਾ ਹੈ। ਸ਼ੇਸ਼ ਨਾਗ ਦੀ ਮਿੱਥ, ਧਨੰਤਰ ਵੈਦ ਦੀ ਸਾਖੀ, ਜੱਗੂ ਦਾ ਸਮੁੱਚਾ ਬਿਰਤਾਂਤ ਕਾਲੂ ਦੁਆਰਾ ਹੀ ਦੱਸਿਆ ਜਾ ਰਿਹਾ ਹੈ। ਕਾਲੂ ਕਹਾਣੀ ਦਾ ਮੁੱਖ ਪਾਤਰ ਨਾ ਹੋ ਕੇ ਕਹਾਣੀ ਵਿੱਚ ਬੈਠ ਕੇ ਕਹਾਣੀ ਸੁਣਾ ਰਿਹਾ ਵਕਤਾ/ਬਿਰਤਾਂਤਕਾਰ ਪ੍ਰਤੀਤ ਹੁੰਦਾ ਹੈ।

**ਪਾਤਰ ਚੋਣ ਅਤੇ ਪਾਤਰ ਉਸਾਰੀ**

*"ਬ੍ਰੇਮੰਡ ਕਥਾ ਪ੍ਰਵਚਨ ਵਿੱਚ ਕਾਰਜਸ਼ੀਲ ਪਾਤਰਾਂ ਨੂੰ ਕਥਾ ਲੜੀ ਦੇ ਕਰਿੰਦੇ ਕਹਿੰਦਾ ਹੈ।"*[10]

*ਰੋਲਾਂ ਬਾਰਤ ਪਾਤਰਾਂ ਤੋਂ ਬਿਨਾਂ ਕਾਰਜ ਨੂੰ ਸੰਭਵ ਮੰਨਦਾ ਹੈ ਪਰ ਕਾਰਜ ਤੋਂ ਬਿਨਾਂ ਪਾਤਰਾਂ ਦੀ ਹੋਂਦ ਨੂੰ ਸੰਭਵ ਨਹੀਂ ਮੰਨਦਾ।"*[11]

ਕਥਾ ਪ੍ਰਵਚਨ ਵਿੱਚ ਕਾਰਜਸ਼ੀਲ ਪਾਤਰ ਕਾਰਜੀ ਪਾਤਰ ਜਾਂ ਮਨੁੱਖ ਹੁੰਦੇ ਹਨ। ਇਹ ਸੱਚ ਨਹੀਂ ਹੁੰਦੇ ਪਰ ਸੱਚ ਵਰਗੇ ਲੱਗਦੇ ਹਨ।

*"ਮੀਕਬਲ ਪਾਤਰਾਂ ਨੂੰ ਨਕਲ, ਕਲਪਨਾ, ਮਨਘੜਤ ਜੀਵ ਮੰਨਦੀ ਹੈ : ਜੋ ਮਾਸ ਅਤੇ ਖ਼ੂਨ ਤੋਂ ਬਿਨਾਂ ਕਾਗਜ਼ੀ ਲੋਕ ਹੁੰਦੇ ਹਨ।"*[12]

ਰੂਸੀ ਰੂਪਵਾਦੀ ਵਲਾਦੀਮੀਰ ਪ੍ਰਾਪ ਨੇ ਪ੍ਰਕਾਰਜਾਂ ਦੇ ਆਧਾਰ ਤੇ ਪਾਤਰਾਂ ਦੀਆਂ ਸੱਤ ਸ਼੍ਰੇਣੀਆਂ ਮੰਨੀਆਂ ਹਨ-ਖਲਨਾਇਕ,ਦਾਤਾ, ਸਹਾਇਕ, ਪ੍ਰਾਪਤ ਕਰਨ ਵਾਲਾ, ਨਾਇਕ ਅਤੇ ਝੂਠਾ ਨਾਇਕ। ਹੱਥਲੀ ਬਿਰਤਾਂਤ ਰਚਨਾ ਵਿੱਚ ਕਾਲੂ ਸਪੇਰਾ, ਜੱਗੂ, ਬਾਲਕ ਬਾਹਮਣ, ਭੋਲੂ ਦਾ ਬਾਪੂ, ਜੱਗੂ ਦੀ ਮਾਂ, ਨੰਬਰਦਾਰ, ਸ਼ੇਸ਼ ਨਾਗ, ਨਾਗਣੀ ਆਦਿ ਸਭ ਪਾਤਰ ਆਪਣੇ ਆਪਣੇ ਕਾਰਜ ਵਿੱਚ ਬੱਝੇ ਹੋਏ ਕਾਗਜ਼ੀ ਲੋਕ ਹਨ ਜਾਂ ਮਿੱਥਹਾਸਿਕ ਪਾਤਰ ਹਨ ਜਿਨ੍ਹਾਂ ਰਾਹੀਂ ਬਿਰਤਾਂਤਕਾਰ ਕਥਾ ਦੇ ਕਾਰਜ ਦਾ ਸੰਚਾਰ ਕਰਵਾਉਂਦਾ ਹੈ। ਕਾਲੂ ਦੋ ਸੱਭਿਆਤਾਵਾਂ ਦੇ ਵਿਚਕਾਰਲੀ ਕੜੀ ਹੈ ਜੋ ਇੱਕ ਪਾਸੇ ਆਪਣੀ ਹਾਸ਼ੀਆਗਤ ਹੋਣੀ ਨੂੰ ਭੋਗਦਾ ਹੈ ਤੇ ਦੂਜੇ ਪਾਸੇ ਸੱਭਿਆਚਾਰਕ ਵਿਕਾਸ ਅਤੇ ਪੂੰਜੀਵਾਦੀ ਸੋਚ ਨੂੰ ਭੁਗਤ ਰਿਹਾ ਹੈ। ਆਪਣੇ ਪਿਤਾ ਪੁਰਖੀ ਕਿੱਤੇ ਦੀ ਹਰਮਨ-ਪਿਆਰਤਾ ਘਟ ਜਾਣ ਤੋਂ ਦੁਖੀ ਹੈ ਅਤੇ ਦੂਜੇ ਪਾਸੇ ਪੂੰਜੀਵਾਦ ਦੀ ਅੰਨ੍ਹੀ ਹਨੇਰੀ ਵਿੱਚ ਆਪਣੇ ਪੁੱਤਰ ਜੱਗੂ ਦੀ ਬਰਬਾਦੀ ਨੂੰ ਦੇਖਦਾ ਹੈ। ਸ਼ੇਸ਼ ਨਾਗ ਬਿਰਤਾਂਤ ਵਿੱਚ ਪਾਤਰ ਰੂਪਾਂਤਰਣ ਦੀ

ਵਿਧੀ ਰਾਹੀਂ ਪੇਸ਼ ਹੋ ਰਿਹਾ ਹੈ। ਇੱਕ ਮਿੱਥਕ ਪਾਤਰ ਵਜੋਂ ਪੇਸ਼ ਹੋ ਰਿਹਾ ਹੈ ਜੋ ਸਦੀਆਂ ਪਹਿਲਾਂ ਆਪਣੀ ਕੁਲ, ਆਪਣੇ ਕਬੀਲੇ ਨੂੰ ਬਚਾਉਣ ਲਈ ਮਨੁੱਖ ਜਾਤੀ ਨਾਲ ਵੈਰ ਸਹੇੜਦਾ ਹੈ। ਦੂਜੇ ਪਾਸੇ ਇਹ ਮਿੱਥਕ ਪਾਤਰ ਕਹਾਣੀ ਦੇ ਮੁੱਖ ਪਾਤਰ ਕਾਲੂ ਦੇ ਰੂਪ ਵਿੱਚ ਵਰਤਮਾਨ ਵਿੱਚ ਵੀ ਪੇਸ਼ ਹੋ ਰਿਹਾ ਹੈ। ਘਟਨਾ ਠੀਕ ਉਸੇ ਤਰ੍ਹਾਂ ਹੀ ਵਾਪਰ ਰਹੀ ਹੈ ਜਿਵੇਂ ਯੁੱਗਾਂ ਪਹਿਲਾਂ ਵਾਪਰੀ ਸੀ। ਇਸ ਯੁੱਗ ਵਿਚ ਕਾਲੂ ਆਪਣੇ ਪੁੱਤਰ ਜੱਗੂ ਨੂੰ ਬਚਾਉਣ ਲਈ ਸਮੁੱਚੇ ਸਿਸਟਮ ਨਾਲ ਲੜ ਰਿਹਾ ਹੈ, ਉਹ ਚਾਹੇਂ ਹਸਪਤਾਲ ਦਾ ਅਮਲਾ ਹੋਵੇ, ਜਾਤੀ ਹੰਕਾਰ ਦਾ ਪ੍ਰਤੀਕ ਬਾਲਕ ਬਾਹਮਣ ਹੋਵੇ, ਪੂੰਜੀਵਾਦ ਦਾ ਪ੍ਰਤੀਕ ਨੰਬਰਦਾਰ ਹੋਵੇ ਜਾਂ ਭੋਲੂ ਦੇ ਬਾਪੂ ਦੇ ਰੂਪ ਵਿੱਚ ਲੋਕਾਈ। ਜੱਗੂ ਦੀ ਮੌਤ ਬਾਰੇ ਬਿਆਨ ਕਰਦਾ ਹੋਇਆ ਕਾਲੂ ਕਹਿੰਦਾ ਹੈ:-

*" ਮੈਂ ਕਹਿੰਦਾ ਨੀ ਸੀ, ਜੱਗੂ ਮੇਰਾ ਪੁੱਤ ਆ, ਨਾਗਣ ਦਾ ਡੰਗਿਆ ਨੀ ਮਰਦਾ ...।"*[13]

ਹਾਂਸ ਦੀ ਪਾਤਰ ਉਸਾਰੀ ਤੇ ਪਾਤਰ ਚੋਣ ਬਹੁਪਰਤੀ ਅਤੇ ਰੂਪਾਂਤਰਣ ਤਕਨੀਕਾਂ ਨਾਲ ਕੀਤੀ ਹੋਈ ਹੈ। ਬਿਰਤਾਂਤਕਾਰ ਨੇ ਕਥਾ ਵਿਚਲੇ ਲਗਭਗ ਸਾਰੇ ਪਾਤਰ ਜੀਵਨ ਦੇ ਵਿਸ਼ਾਲ ਕੈਨਵਸ ਵਿਚੋਂ ਅਲੱਗ-ਅਲੱਗ ਕਥਾ ਖੰਡਾਂ ਵਿੱਚ ਅਲੱਗ-ਅਲੱਗ ਭੂਮਿਕਾ ਨਿਭਾਉਂਦੇ ਸਿਰਜੇ ਹਨ। ਕਾਲੂ ਇਕੋ ਸਮੇਂ ਤੱਖੀ ਨਾਗ ਦੀ ਮਿੱਥ ਅਤੇ ਇੱਕ ਗਰੀਬ ਸਪੇਰੇ ਦੇ ਚਰਿੱਤਰ ਵਜੋਂ ਕਾਰਜਸ਼ੀਲ ਹੈ। ਨਾਗਣ ਦਾ ਪਾਤਰ ਵੀ ਬਹੁਪਰਤੀ ਪ੍ਰਤੀਤ ਹੁੰਦਾ ਹੈ। ਇੱਕ ਤਰਫ਼ ਹੁਸਨ ਦੀ ਮਲਿਕਾ, ਦੂਜੇ ਪਾਸੇ ਜਾਤੀਵਾਦ ਦਾ ਸੰਚਾਰ ਵਾਹਕ ਹੈ, ਉਥੇ ਹੀ ਭੋਗਵਾਦੀ ਯੁਗ ਦੀ ਅਲਾਮਤ ਵਜੋਂ ਵੀ ਕਾਰਜਸ਼ੀਲ ਹੈ। ਕਾਲੂ ਦੇ ਇਹ ਬੋਲ ਕਿ *"ਮੈਂ ਕਹਿੰਦਾ ਨੀ ਸੀ, ਜੱਗੂ ਮੇਰਾ ਪੁੱਤ ਆ, ਨਾਗਣ ਦਾ ਡੰਗਿਆ ਨੀ ਮਰਦਾ...। "*[14] ਇਸ ਬਿਰਤਾਂਤ ਵਿਚਲੀ ਰਮਜ਼ ਦੀ ਸੂਹ ਦਿੰਦੀ ਹੈ। ਜੱਗੂ ਦੀ ਮੌਤ ਇਸ਼ਕ ਵਿਚ ਨਾਕਾਮੀ ਜਾਂ ਨਾਗਣ ਦੇ ਡੰਗੇ ਜਾਣ ਨਾਲ ਨਹੀਂ ਹੋਈ ਸਗੋਂ ਵਿਸ਼ਵੀਕਰਨ ਦੇ ਦੌਰ, ਬਹੁ ਸੱਭਿਆਚਾਰਵਾਦ ਅਤੇ ਉਤਰ ਆਧੁਨਿਕਤਾਵਾਦੀ ਵਿੱਚ ਭੋਗਵਾਦੀ ਸੋਚ ਅਤੇ ਸੱਭਿਆਚਾਰ, ਬਿਗਾਨਗੀ, ਛਲ ਕਪਟ ਅਤੇ ਭੋਗੀ ਰੁਚੀਆਂ ਵਿੱਚ ਪਰੁੱਚੇ ਸਿਸਟਮ ਹੱਥੋ ਹੋਈ ਹੈ।

**ਬਿਰਤਾਂਤਕਾਰ ਦਾ ਸੰਕੇਤਕ ਪ੍ਰਬੰਧ**

ਬਿਰਤਾਂਤਕਾਰ ਸੰਕੇਤਾਂ ਰਾਹੀਂ ਆਪਣੇ ਗਲਪੀ ਕਾਰਜ ਨੂੰ ਸਿਰੇ ਚਾੜ੍ਹਦਾ ਹੋਇਆ ਸਾਰਥਕ ਬਣਾਉਂਦਾ ਹੈ। ਸੰਕੇਤਾਂ ਰਾਹੀਂ ਪਾਤਰਾਂ ਦੇ ਕਾਰਜ ਨੂੰ ਬਹੁਪਸਾਰੀ ਅਤੇ ਬਹੁਪਰਤੀ ਦਿਸ਼ਾਵਾਂ ਵਿੱਚ ਪੇਸ਼ ਕੀਤਾ ਜਾਂਦਾ ਹੈ। ਰੋਲਾਂ ਬਾਰਤ ਨੇ ਆਪਣੀ ਪੁਸਤਕ "ਐਸ/ਜ਼ੈੱਡ ਵਿੱਚ ਪੰਜ ਪ੍ਰਕਾਰ ਦੇ ਸੰਕੇਤਾਂ ਦੀ ਚਰਚਾ ਕੀਤੀ ਹੈ-ਵਿਆਖਿਆਮਈ ਸੰਕੇਤ, ਅਰਥਮਈ ਸੰਕੇਤ, ਪ੍ਰਤੀਕਾਤਮਕ ਸੰਕੇਤ, ਤੱਤਸਾਰੀ ਸੰਕੇਤ ਅਤੇ ਕਾਰਜਬੋਧਕ ਸੰਕੇਤ। ਜਤਿੰਦਰ ਸਿੰਘ ਹਾਂਸ ਆਪਣੀ ਕਹਾਣੀ 'ਤੱਖੀ' ਵਿੱਚ ਮਿੱਥਕ ਅਤੇ ਪਰੰਪਰਿਕ ਸੰਕੇਤਾਂ ਦੀ ਸੁਚੱਜੀ ਵਰਤੋਂ ਕਰਦਾ ਹੈ। 'ਤੱਖੀ' ਕਹਾਣੀ ਦਾ ਮੁੱਖ ਪਾਤਰ ਕਾਲੂ ਸਪੇਰਾ ਕਹਾਣੀ ਵਿੱਚ ਫੈਲੇ ਵਿਭਿੰਨ ਤੱਥਾਂ ਦਾ ਕਾਰਜਵਾਹਕ ਹੈ ਅਤੇ ਕਥਾ ਸੰਚਾਲਿਕ ਵੀ। ਕਹਾਣੀ ਵਿਚਲੇ ਮਿੱਥਕ ਅਤੇ ਸਮਾਜਿਕ ਮੋਟਿਫਾ ਦਾ ਕਾਰਜ ਕਾਲੂ ਦੇ ਸਵੈ-ਬਿਰਤਾਂਤ ਰਾਹੀਂ ਸੰਚਾਰ ਕਰ ਰਿਹਾ ਹੈ। ਸਾਰੀ ਗਲਪ ਵਾਰਤਾ ਕਾਲੂ ਰਾਹੀਂ ਸੁਣਾਈ ਜਾ ਰਹੀ ਹੈ। 'ਤੱਖੀ' ਜਿਸ ਦੇ ਆਧਾਰ ਤੇ ਕਹਾਣੀ ਦਾ ਪੂਰਾ ਬਿਰਤਾਂਤ ਸਿਰਜਿਆ ਗਿਆ ਹੈ, ਇੱਕ ਮਿਥਿਹਾਸਕ ਪਾਤਰ ਨਾ ਹੋ ਕੇ ਇੱਕ ਅਰਥਮਈ ਸੰਕੇਤ ਦਾ ਬਹੁਦਿਸ਼ਾਵੀ ਗਲਪੀ ਪ੍ਰਕਾਰਜ ਕਰਦਾ ਹੈ। ਇਹ ਅਰਥਮਈ ਸੰਕੇਤ ਕਹਾਣੀ ਵਿੱਚ ਵਿਰੋਧਾਭਾਸੀ ਸਥਿਤੀ ਵਿੱਚ ਵਿਚਰਦੇ ਹਨ। 'ਤੱਖੀ' ਕਾਲੂ ਸਪੇਰੇ ਦੇ ਰੂਪ ਵਿੱਚ ਆਪਣੀ ਕੁਲ ਦੀ ਤਰੱਕੀ ਅਤੇ ਬਚਾਓ ਲਈ ਯਤਨਸ਼ੀਲ ਅਤੇ ਫ਼ਿਕਰਮੰਦ ਹੈ, ਉਥੇ ਨੰਬਰਦਾਰ ਸਮਾਜ ਵਿਰੋਧੀ ਕਾਰਜ ਕਰਦਿਆਂ ਆਪਣੀ ਪਰੰਪਰਿਕ ਸਥਿਤੀ ਨੂੰ ਬਣਾਈ ਰੱਖਣ ਲਈ ਤੱਤਪਰ ਹੈ। ਬਾਹਮਣ ਬਾਲਕ ਦੀ ਪੁੱਤਰੀ, ਨਾਗਣ ਅਤੇ ਹਸਪਤਾਲ ਦਾ ਸਕਿਊਰਟੀ ਗਾਰਡ ਪ੍ਰਤੀਕਾਤਮਕ ਸੰਕੇਤ ਦੇ ਕਾਰਜਵਾਹਕ ਹਨ। 'ਤੱਖੀ' ਕਹਾਣੀ ਵਿੱਚ ਨਾਗਣ ਦਾ ਸੰਕੇਤ ਤਿੰਨ ਪੱਧਰ ਤੇ ਕਾਰਜਸ਼ੀਲ ਹੈ। ਪਹਿਲਾਂ ਪੱਧਰ ਆਰਥਿਕ ਪੱਖੋਂ ਅਵਿਕਸਤ ਹੋਣ ਭਾਵ ਗਰੀਬੀ ਦੀ ਨਾਗਣ ਦਾ ਸੰਕੇਤ ਕਾਰਜਸ਼ੀਲ ਹੈ। ਕਾਲੂ ਦਾ ਆਪਣੇ ਪੁੱਤਰ ਜੱਗੂ ਨੂੰ *"ਦੁੱਖ ਦੇਣਿਆ, ਜੇ ਸਪੇਰੇ ਦਾ ਪੁੱਤ ਏਂ ਤਾਂ ਕੋਈ ਨਾਗਣ ਕੀਲ ਕੇ ਦਿਖਾ ਖਾਂ... ਕੋਈ ਨਾਗ ਦਾ ਬੱਚਾ ਹੀ ਫੜ ਕੇ ਦਿਖਾ ਖਾਂ.....।"*[15] ਕਹਿਣਾ ਆਪਣੀ ਪਿਤਾ ਪੁਰਖੀ ਆਰਥਿਕ ਸਥਿਤੀ ਨੂੰ ਆਪਣੇ ਅਧੀਨ ਕਰਨ ਅਤੇ ਵਧੀਆ ਜੀਵਨ ਬਤੀਤ ਕਰਨ ਦੀ ਲੋਚਾ ਦਾ ਸੰਕੇਤ ਸਿਰਜਦੀ ਹੈ। ਦੂਜੀ ਸੰਕੇਤਕ ਸਥਿਤੀ ਬਾਲਕ ਬਾਹਮਣ ਦੀ ਬੇਟੀ ਦੇ ਰੂਪ ਵਿੱਚ ਵਿਚਰਦੀ ਹੈ। ਬਾਲਕ ਬਾਹਮਣ ਅਤੇ ਉਸਦੀ ਦੀ ਬੇਟੀ ਹੱਡ ਮਾਸ ਦੇ ਵਿਅਕਤੀਗਤ ਹੋਂਦਾ ਨਾ ਹੋ ਕੇ ਇੱਕ ਸੰਕੇਤਮਈ ਗਲਪੀ ਸਿਰਜਣਾ ਹੈ। ਭਾਰਤੀ ਸਮਾਜ ਵਿੱਚ ਸਦੀਆਂ ਤੋਂ ਗੰਭੀਰ ਰੂਪ ਵਿੱਚ ਫੈਲੀ ਜਾਤਵਾਦੀ ਪਰੰਪਰਾ ਦੀ ਕਾਰਜਵਾਹਕ ਹਨ। ਜੱਗੂ ਸਪੇਰੇ ਦਾ ਬਾਲਕ ਬਾਹਮਣ ਦੀ ਬੇਟੀ ਵੱਲ ਆਕਰਸ਼ਤ ਹੋਣਾ ਅਤੇ ਸੰਤਾਪ ਭੋਗਣਾ ਇਸ ਗੱਲ ਨੂੰ ਤਸਦੀਕ ਕਰਦਾ ਹੈ ਕਿ ਭਾਰਤੀ ਸਮਾਜ ਵਿੱਚ ਫੈਲੀ ਜਾਤੀ ਅਤੇ ਜਮਾਤੀ ਘਿਰਣਾ ਨਾ ਟੁੱਟਣ ਵਾਲੀ ਸਮਾਜਿਕ ਦੰਭ ਦੀ ਕੜੀ ਹੈ। ਤੀਜੀ ਸੰਕੇਤਕ ਸਥਿਤੀ ਨੰਬਰਦਾਰ ਰਾਹੀਂ ਆਪਣੇ ਹੰਕਾਰ ਅਤੇ ਸਥਿਤੀ ਨੂੰ ਬਣਾਈ ਰੱਖਣ ਲਈ ਵਰਤੀ ਜਾ ਰਹੀ ਅਫ਼ੀਮ ਦੇ ਨਸ਼ੇ ਦੀ ਅਤੇ ਜੱਗੂ ਦੀ ਜਵਾਨੀ ਨੂੰ ਡੰਗਣ ਵਾਲੀ ਗਰੀਬੀ ਦੀ ਨਾਗਣ ਦੇ ਰੂਪ ਵਿੱਚ ਵਿਚਰਦੀ ਹੈ। ਭੋਲੂ ਦੇ ਬਾਪੂ ਦਾ ਕਹਾਣੀ ਦੇ ਅਖੀਰ ਵਿੱਚ ਆ ਕੇ ਦੱਸਣਾ ਕਿ ਜੱਗੂ ਦੀ ਮੌਤ ਨਾਗਣ ਦੇ ਡੰਗ ਨਾਲ ਨਹੀਂ ਹੋਈ, ਕਹਾਣੀ ਵਿੱਚ ਕਾਰਜਸ਼ੀਲ ਵਿਭਿੰਨ ਪੱਧਰਾ ਤੇ ਵਿਚਰਦੀ ਸੰਕੇਤਕ ਨਾਗਣ ਦੇ ਕਾਰਜ ਦਾ ਬੋਧ ਕਰਵਾਉਂਦੀ ਹੈ। ਹਸਪਤਾਲ ਵਿੱਚ ਸਕਿਊਰਟੀ ਗਾਰਡ ਦਾ ਕਾਲੂ ਸਪੇਰੇ ਨੂੰ

ਕਹਿਣਾ- *"ਹੱਦ ਕਰਦੈ ਬਾਬਾ, ਚੱਲ ਏਥੋਂ ਬਾਹਰ...।"* [16] ਮੌਤ ਨਾਲ ਲੜ੍ਹ ਰਹੇ ਜੱਗੂ ਕੋਲ ਜਾਣ ਤੋਂ ਵਾਰ-ਵਾਰ ਰੋਕਣਾ ਇਸ ਤੱਥ ਦਾ ਸੰਚਾਰ ਕਰਦਾ ਹੈ ਕਿ ਅਜੋਕੇ ਸਰਮਾਏਦਾਰੀ ਯੁੱਗ ਵਿੱਚ ਸਮਾਜ ਵਿੱਚ ਸਥਾਪਤ ਹੋਣਾ ਆਸਾਨ ਨਹੀਂ ਹੈ। ਇਸ ਤਰ੍ਹਾਂ ਬਿਰਤਾਂਤਕਾਰ ਕਹਾਣੀ ਨੂੰ ਸੰਕੇਤਾਂ ਜਾਂ ਪ੍ਰਕਾਰਜ ਦੀ ਦ੍ਰਿਸ਼ਟੀ ਤੋਂ ਵੱਖ ਵੱਖ ਇਕਾਈਆਂ ਵਿੱਚ ਵੰਡ ਕੇ ਆਪਣੀ ਗਲਪ ਰਚਨਾ ਦਾ ਸੰਚਾਰ ਕਰਦਾ ਹੈ।

**ਬਿਰਤਾਂਤਕ ਖੰਡ**

ਬਿਰਤਾਂਤਕਾਰ ਨੇ ਕਥਾ ਨੂੰ ਵੱਖ-ਵੱਖ ਕਥਾ ਖੰਡਾਂ ਜਾਂ ਬਿਰਤਾਂਤਕ ਇਕਾਈਆਂ ਵਿੱਚ ਵੰਡ ਕੇ ਅਰਥ ਸੰਚਾਰ ਕੀਤਾ ਹੈ। ਇਹ ਬਿਰਤਾਂਤਕ ਇਕਾਈਆਂ ਜਾਂ ਖੰਡ ਇੱਕ ਸ਼ਬਦ, ਇੱਕ ਸਤਰ ਜਾਂ ਇੱਕ ਤੋਂ ਵਧੇਰੇ ਪੰਨਿਆਂ ਵਿੱਚ ਫੈਲਿਆ ਹੋ ਸਕਦਾ ਹੈ। ਬਿਰਤਾਂਤ ਦੇ ਅਰਥ ਇਹਨਾਂ ਖੰਡਾਂ ਜਾਂ ਇਕਾਈਆਂ ਵਿੱਚ ਹੀ ਨਿਹਿਤ ਹੁੰਦੇ ਹਨ। ਇਸ ਲਈ ਜਦੋਂ ਪਾਠਕ ਕਹਾਣੀ ਪਾਠ ਨੂੰ ਪੜ੍ਹ ਰਿਹਾ ਹੁੰਦਾ ਹੈ ਤਾਂ ਕਹਾਣੀ ਦੇ ਅਰਥ ਪਰਤ-ਦਰ-ਪਰਤ ਅੱਗੇ ਖੁੱਲ੍ਹਦੇ ਤੇ ਉੱਘੜਦੇ ਤੁਰੇ ਜਾਂਦੇ ਹਨ।

"ਮੈਂ ਕਹਿੰਦਾ ਨੀ ਸੀ, ਜੱਗੂ ਮੇਰਾ ਪੁੱਤ ਆ, ਨਾਗਣ ਦਾ ਡੰਗਿਆ ਨੀ ਮਰਦਾ।"[17]

"ਤੁਸੀਂ ਇਹਨੂੰ ਮਾਰ ਦਿੱਤਾ ਈ"[18]

ਅਜਿਹੇ ਉਚਾਰ ਇੱਕ ਸਤਰੇ ਬਿਰਤਾਂਤਕ ਖੰਡ ਦੀ ਉੱਤਮ ਉਦਾਹਰਣਾਂ ਹਨ। ਬਿਰਤਾਂਤਕਾਰ ਨੇ ਕਹਾਣੀ 'ਤੱਖੀ' ਦਾ ਆਰੰਭ ਤਖ਼ਛਿਕ ਨਾਗ ਦੀ ਮਿੱਥ ਦੇ ਬਿਰਤਾਂਤਕ ਖੰਡ ਨਾਲ ਆਰੰਭ ਕਰਕੇ ਅਜੋਕੇ ਸਰਮਾਏਦਾਰੀ ਯੁੱਗ ਵਿੱਚ ਕਾਰਜਸ਼ੀਲ ਤੱਖੀ ਦੇ ਵਿਭਿੰਨ ਰੂਪੀ ਗਲਪੀ ਕੋਣਾਂ ਨੂੰ ਉਜਾਗਰ ਕੀਤਾ ਹੈ। ਪਾਠਕ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਇਹ ਕਹਾਣੀ ਪੜ੍ਹਣਯੋਗ ਨਾਲੋਂ ਲਿਖਣ ਯੋਗ ਦੇ ਵਧੇਰੇ ਨੇੜੇ ਹੈ। ਕਹਾਣੀ ਪਾਠ ਵਿੱਚ ਪਾਠਕ ਨੂੰ ਪੁਨਰ ਸਿਰਜਣਾ ਲਈ ਪ੍ਰੇਰਿਤ ਕਰਨ ਦੀ ਸਮਰੱਥਾ ਹੈ। ਬਿਰਤਾਂਤਕਾਰ ਨੇ ਮਿੱਥਕ ਅਤੇ ਸੱਭਿਆਚਾਰਕ ਸਰੋਤਾਂ ਦੀ ਭਰਪੂਰ ਵਰਤੋਂ ਕੀਤੀ ਹੈ। ਲਿਖਣਯੋਗ ਪਾਠ ਇਸ ਲਈ ਕਿਹਾ ਜਾ ਰਿਹਾ ਹੈ ਕਿਉਂਕਿ ਇਹ ਕਹਾਣੀ ਪਾਠ ਪਾਠਕ ਨੂੰ ਚਿੰਤਨ ਪ੍ਰਕਿਰਿਆ ਵਿੱਚ ਪਾਉਂਦੇ ਹੋਏ ਕਹਾਣੀ ਦੇ ਵਿਭਿੰਨ ਪੱਖਾਂ ਅਤੇ ਸੰਭਾਵਨਾਵਾਂ ਬਾਰੇ ਸੋਚਣ ਲਈ ਪ੍ਰੇਰਿਤ ਕਰਦਾ ਹੈ।

**ਜਤਿੰਦਰ ਸਿੰਘ ਹਾਂਸ ਦੀ ਗਲਪ ਚੇਤਨਾ**

ਜਤਿੰਦਰ ਹਾਂਸ ਦਾ ਪਿੰਡ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡਾਂ ਈਸੜੂ ਅਤੇ ਨਸਰਾਲੀ ਦੇ ਨੇੜੇ ਤੋਲਾ ਹੈ। ਉਹ ਸਧਾਰਨ ਕਿਸਾਨ ਪਰਿਵਾਰ ਦਾ ਜੰਮਪਲ ਹੈ ਅਤੇ ਪ੍ਰਾਇਮਰੀ ਸਕੂਲ ਅਧਿਆਪਕ ਹੈ।

ਜਤਿੰਦਰ ਹਾਂਸ 2019 ਦੇ ਢਾਹਾਂ ਪੁਰਸਕਾਰ ਨਾਲ ਸਨਮਾਨਿਤ ਪੰਜਾਬੀ ਕਹਾਣੀਕਾਰ ਹੈ। ਉਘੇ ਪੰਜਾਬੀ ਕਹਾਣੀਕਾਰ ਪ੍ਰੇਮ ਪ੍ਰਕਾਸ਼ ਅਨੁਸਾਰ *"ਉਹਨੇ ਆਪਣੀਆਂ ਸ਼ੁਰੂ ਦੀਆਂ ਕਹਾਣੀਆਂ ਵਿੱਚ ਹੀ ਸਮਾਜ ਦੇ ਨਿੱਕੇ-ਨਿੱਕੇ ਪਾਤਰਾਂ ਦੇ ਮੂੰਹੋਂ ਬੁਲਾਈਆਂ ਛੋਟੀਆਂ -ਛੋਟੀਆਂ ਤੇ ਆਮ ਜਿਹੀਆਂ ਗੱਲਾਂ ਨਾਲ ਵੱਡੇ-ਵੱਡੇ ਉਸਾਰ ਤੇ ਅਰਥ ਪੈਦਾ ਕਰ ਦਿਤੇ ਸਨ। ਇਹ ਹੁਨਰ ਉਹਨੂੰ ਘੱਟ-ਬੋਲਣੇ ਲੇਖਕ ਨੂੰ ਕੁਦਰਤ ਵੱਲੋਂ ਬਖ਼ਸ਼ਿਆ ਹੋਇਆ ਏ।"*

ਜਤਿੰਦਰ ਸਿੰਘ ਹਾਂਸ ਨੇ ਐਮ.ਏ. ਅਤੇ ਬੀ.ਐਡ. ਹਾਸਲ ਕਰ ਕੇ ਅਧਿਆਪਨ ਦੇ ਕਿੱਤੇ ਨੂੰ ਅਪਣਾਇਆ। ਉਸ ਨੂੰ ਉੱਘੇ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੀ ਕਿਤਾਬ 'ਪ੍ਰੇਮ ਕਹਾਣੀਆਂ' ਅਤੇ ਵਾਰਿਸ ਸ਼ਾਹ ਦੀ ਕਲਾਸਿਕ ਲੋਕ ਕਹਾਣੀ 'ਹੀਰ' ਪੜ੍ਹਨ ਤੋਂ ਬਾਅਦ ਲਿਖਣ ਦੀ ਚੇਟਕ ਲੱਗੀ। ਹਾਂਸ ਨਵੀਂ ਪੀੜ੍ਹੀ ਦੇ ਲੇਖਕਾਂ ਵਿਚੋਂ ਪਹਿਲੀ ਕਤਾਰ ਦਾ ਨਿਪੁੰਨ ਕਹਾਣੀਕਾਰ ਹੈ। ਉਹ ਬਹੁਤੀਆਂ ਕਹਾਣੀਆਂ ਉਦੋਂ ਲਿਖਦਾ ਹੈ ਜਦੋਂ ਉਸਦਾ ਮਨ ਉਦਾਸ ਹੁੰਦਾ ਹੈ। ਉਹ ਆਪਣੇ ਪਾਤਰਾਂ ਬਾਰੇ ਕਹਾਣੀਆਂ ਲਿਖਣ ਅਤੇ ਉਨ੍ਹਾਂ ਦੇ ਦੁੱਖ ਸੁਖ ਦਾ ਸਾਂਝੀ ਬਣਨ ਰਾਹੀਂ ਬੇਹੱਦ ਖੁਸ਼ੀ ਮਹਿਸੂਸ ਕਰਦਾ ਹੈ।

## *ਹਵਾਲੇ ਅਤੇ ਟਿੱਪਣੀਆਂ*

1. *ਪ੍ਰੇਮ ਪ੍ਰਕਾਸ਼, ਜਿਉਣਾ ਸੱਚ ਬਾਕੀ ਸਭ ਝੂਠ, ਭੂਮਿਕਾ*
2. *ਤੱਖੀ ਕਹਾਣੀ, ਈਸ਼ਵਰ ਦਾ ਜਨਮ, ਪੰਨਾ 21*
3. *ਉਹੀ, ਪੰਨਾ 16*
4. *ਉਹੀ, ਪੰਨਾ 17*
5. *Tzvetan Todorov, Introduction to Poetics, page 6*
6. *Mieke Bal, Narratology, page 142*
7. *ਤੱਖੀ ਕਹਾਣੀ, ਈਸ਼ਵਰ ਦਾ ਜਨਮ, ਪੰਨਾ 16*
8. *ਉਹੀ, ਪੰਨਾ 21*
9. *Mieke Bal, Narratology, page 142*
10. *ਉਹੀ, ਪੰਨਾ 95*
11. *ਉਹੀ, ਪੰਨਾ 43*
12. *ਉਹੀ, ਪੰਨਾ 142*
13. *ਤੱਖੀ ਕਹਾਣੀ, ਈਸ਼ਵਰ ਦਾ ਜਨਮ, ਪੰਨਾ 24*
14. *ਉਹੀ, ਪੰਨਾ 24*
15. *ਉਹੀ, ਪੰਨਾ 21*
16. *ਉਹੀ, ਪੰਨਾ 19*
17. *ਉਹੀ, ਪੰਨਾ 24*
18. *ਉਹੀ, ਪੰਨਾ 24*